ਮੌਸਮ ਕਾਰਨ ਸਕੂਲਾਂ ਦਾ ਬੰਦ ਹੋਣਾ, ਕਲਾਸਾਂ ਕੈਂਸਿਲ ਹੋਣੀਆਂ ਅਤੇ ਸਕੂਲ ਖੁੱਲ੍ਹਣ ਵਿੱਚ ਦੇਰੀ ਹੋਣੀ

Surrey Schools
LEADERSHIP IN LEARNING

ਅਸੀਂ ਪਰਿਵਾਰਾਂ, ਵਿਦਿਆਰਥੀਆਂ ਅਤੇ ਸਟਾਫ ਨੂੰ ਯਾਦ ਕਰਵਾਉਣਾ ਚਾਹੁੰਦੇ ਹਾਂ ਕਿ ਖਰਾਬ ਮੌਸਮ ਦੌਰਾਨ ਜਾਣਕਾਰੀ ਕਿੱਥੋਂ ਲੈਣੀ ਹੈ ਅਤੇ ਮੌਸਮ ਦੇ ਕਾਰਨ ਕਲਾਸਾਂ ਨੂੰ ਕੈਂਸਿਲ ਕਰਨ, ਸਕੂਲ ਖੋਲ੍ਹਣ ਵਿੱਚ ਦੇਰੀ ਕਰਨ ਜਾਂ ਬੱਸ ਸੇਵਾ ਵਿੱਚ ਤਬਦੀਲੀ ਕਰਨ ਬਾਰੇ ਅਸੀਂ ਕਿਸ ਤਰ੍ਹਾਂ ਫੈਸਲੇ ਕਰਦੇ ਹਾਂ।

ਬਹੁਤ ਹੀ ਖਰਾਬ ਹਾਲਤਾਂ ਤੋਂ ਬਿਨਾਂ, ਜੇ ਸੰਭਵ ਹੋਵੇ ਤਾਂ ਸਰੀ ਸਕੂਲ ਜ਼ਿਲ੍ਹੇ ਦੇ ਸਕੂਲ ਖੁੱਲ੍ਹੇ ਰਹਿਣਗੇ।

ਫੈਸਲੇ ਕਿਸ ਤਰ੍ਹਾਂ ਕੀਤੇ ਜਾਂਦੇ ਹਨ?

ਸਰੀ ਸਕੂਲ ਜ਼ਿਲ੍ਹੇ ਦਾ ਖੇਤਰ ਕਾਫੀ ਵੱਡਾ ਹੈ, ਇਸ ਲਈ ਵੱਖ ਵੱਖ ਸਕੂਲਾਂ ਵਿੱਚ ਹਾਲਤਾਂ ਵੱਖਰੀਆਂ ਵੱਖਰੀਆਂ ਹੋ ਸਕਦੀਆਂ ਹਨ। ਹੇਠ ਲਿਖੀਆਂ ਗੱਲਾਂ ਸਮੇਤ, ਫੈਸਲਾ ਕਰਨ ਤੋਂ ਪਹਿਲਾਂ ਕਈ ਗੱਲਾਂ 'ਤੇ ਗੌਰ ਕੀਤਾ ਜਾਂਦਾ ਹੈ:

- ਸੜਕ, ਸਾਈਡਵਾਕ, ਸਕੂਲ ਅਤੇ ਪਾਰਕਿੰਗ ਲਾਟ ਦੀ ਹਾਲਤ;
- ਬਿਜਲੀ ਬੰਦ ਹੋ ਜਾਣ ਅਤੇ ਇਸ ਤਰ੍ਹਾਂ ਦੇ ਹੋਰ ਫੌਰੀ ਕਾਰਨ।




ਹਾਲਤਾਂ ਦਾ ਜਾਇਜ਼ਾ ਲੈਣ ਲਈ ਸਟਾਫ ਦੇ ਨਿਯਤ ਕੀਤੇ ਮੈਂਬਰ ਪਹਿਲਾਂ ਮਿੱਥੇ ਹੋਏ ਰਸਤਿਆਂ 'ਤੇ ਜਾਂਦੇ ਹਨ ਅਤੇ ਸਕੂਲਾਂ ਨੂੰ ਬੰਦ ਕਰਨ ਜਾਂ ਬੱਸਾਂ ਨੂੰ ਕੈਂਸਿਲ ਕਰਨ ਦੀ ਸਿਫਾਰਿਸ਼ 'ਤੇ ਜ਼ਿਲ੍ਹੇ ਦੇ ਮੁੱਖ ਅਧਿਕਾਰੀਆਂ ਅਤੇ ਗਵਾਂਢ ਦੇ ਸਕੂਲ ਜ਼ਿਲ੍ਹਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਹਮੇਸ਼ਾਂ ਸਾਡੀ ਸਿਖਰਲੀ ਪਹਿਲ ਹੁੰਦੀ ਹੈ।

ਮੈਨੂੰ ਕਦੋਂ ਪਤਾ ਲੱਗੇਗਾ?

ਉਸ ਸਮੇਂ ਤੱਕ ਪ੍ਰਾਪਤ ਸਭ ਤੋਂ ਸਹੀ ਜਾਣਕਾਰੀ ਦੇ ਆਧਾਰ 'ਤੇ ਸਕੂਲਾਂ ਨੂੰ ਬੰਦ ਕਰਨ ਜਾਂ ਉਨ੍ਹਾਂ ਨੂੰ ਖੋਲ੍ਹਣ ਵਿੱਚ ਦੇਰੀ ਕਰਨ ਦਾ ਫੈਸਲਾ **ਘੱਟੋ ਘੱਟ ਸਵੇਰ ਦੇ 7 ਵਜੇ ਤੋਂ ਪਹਿਲਾਂ ਕੀਤਾ ਜਾਵੇਗਾ।**





ਮੈਨੂੰ ਕਿਵੇਂ ਦੱਸਿਆ ਜਾਵੇਗਾ?

ਬਹੁਤ ਹੀ ਖਰਾਬ ਹਾਲਤਾਂ ਤੋਂ ਬਿਨਾਂ, ਸਕੂਲਾਂ ਦੇ ਖੁੱਲ੍ਹੇ ਹੋਣ ਬਾਰੇ ਕਦੇ ਵੀ ਕੋਈ ਐਲਾਨ ਨਹੀਂ ਕੀਤਾ ਜਾਵੇਗਾ। ਸਿਰਫ ਸਕੂਲਾਂ ਦੇ ਕੈਂਸਿਲ ਹੋਣ, ਬੰਦ ਹੋਣ ਜਾਂ ਸਕੂਲ ਖੁੱਲ੍ਹਣ ਵਿੱਚ ਦੇਰੀ ਹੋਣ ਬਾਰੇ ਹੀ ਐਲਾਨ ਕੀਤਾ ਜਾਵੇਗਾ। ਇਹ ਜਾਣਕਾਰੀ ਜਦੋਂ ਹੀ ਪ੍ਰਾਪਤ ਹੋਵੇਗੀ, ਅਸੀਂ ਉਦੋਂ ਹੀ ਇਸ ਬਾਰੇ ਅੱਗੇ ਦਿੱਤੇ ਸਾਧਨਾਂ ਰਾਹੀਂ ਪਤਾ ਦੇਵਾਂਗੇ:



@surreyschools.bsky.social

@surrey_schools

SurreySchools

surreyschools.ca

Metro Vancouver media



ਪਰਿਵਾਰਾਂ ਕੋਲ ਹਮੇਸ਼ਾਂ ਹੀ ਚੋਣ ਹੁੰਦੀ ਹੈ

ਵਿਦਿਆਰਥੀਆਂ ਦੀ ਸੁਰੱਖਿਆ ਸਾਡੀ ਪਹਿਲੀ ਪਹਿਲ ਅਤੇ ਸਾਂਝੀ ਜ਼ਿੰਮੇਵਾਰੀ ਹੈ। ਜੇ ਮਾਪੇ ਮਹਿਸੂਸ ਕਰਨ ਕਿ ਸਕੂਲ ਨੂੰ ਜਾਣਾ ਸੁਰੱਖਿਅਤ ਨਹੀਂ ਹੈ, ਤਾਂ ਉਹ ਹੋਰ ਪ੍ਰਬੰਧ ਕਰ ਸਕਦੇ ਹਨ। ਇਨ੍ਹਾਂ ਹਾਲਤਾਂ ਵਿੱਚ ਵਿਦਿਆਰਥੀਆਂ ਦੀ ਗੈਰਹਾਜ਼ਰੀ ਨੂੰ ਮਾਫ ਕਰ ਦਿੱਤਾ ਜਾਵੇਗਾ। ਜੇ ਕੋਈ ਵਿਦਿਆਰਥੀ ਸਕੂਲ ਨਹੀਂ ਆ ਰਿਹਾ ਤਾਂ ਮਾਪਿਆਂ ਨੂੰ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ।